# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 17-11-2024**

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅੱਜ ਬ੍ਰਾਜ਼ੀਲ ਦੇ ਸ਼ਹਿਰ ਰੀਓ ਡੀ ਜੇਨੇਰੀਓ ਵਿੱਚ ਜੀ-20 ਸੰਮੇਲਨ ਵਿੱਚ ਹਿੱਸਾ ਲੈਣਗੇ। ਸ੍ਰੀ ਮੋਦੀ ਵੱਲੋਂ ਸਿਖਰ ਸੰਮੇਲਨ ਤੋਂ ਇਲਾਵਾ ਵਿਸ਼ਵ ਨੇਤਾਵਾਂ ਨਾਲ ਵੱਖ-ਵੱਖ ਮੀਟਿੰਗਾਂ ਕਰਨ ਦੀ ਵੀ ਉਮੀਦ ਏ। ਸ੍ਰੀ ਮੋਦੀ, ਦੇ ਨਾਲ ਨਾਲ ਅਮਰੀਕਾ ਦੇ ਰਾਸ਼ਟਰਪਤੀ ਜੋ BIDEN ਅਤੇ ਚੀਨੀ ਰਾਸ਼ਟਰਪਤੀ ਸ੍ਰੀ ਚਿਨਫਿੰਗ ਵੀ ਅੱਜ ਅਤੇ ਭਲਕੇ ਰੀਓ ਡੀ ਜਨੇਰੀਓ ਵਿੱਚ ਜੀ-20 ਸੰਮੇਲਨ ਵਿੱਚ ਸ਼ਾਮਲ ਹੋਣ ਵਾਲੇ ਉਘੇ ਨੇਤਾਵਾਂ ਵਿਚੋਂ ਨੇ। ਪ੍ਰਧਾਨ ਮੰਤਰੀ ਮੋਦੀ ਆਪਣੇ 3 ਦੇਸ਼ਾਂ ਦੇ ਦੌਰੇ ਦੇ ਦੂਜੇ ਪੜਾਅ 'ਤੇ ਅੱਜ ਸਵੇਰੇ ਬ੍ਰਾਜ਼ੀਲ ਪਹੁੰਚੇ।ਭਾਰਤ, ਬ੍ਰਾਜ਼ੀਲ ਅਤੇ ਦੱਖਣੀ ਅਫ਼ਰੀਕਾ ਦੇ ਨਾਲ ਜੀ-20 ਟ੍ਰੋਈਕਾ ਦਾ ਹਿੱਸਾ ਏ ਅਤੇ ਚੱਲ ਰਹੇ ਜੀ-20 ਸਿਖਰ ਸੰਮੇਲਨ ਵਿੱਚ ਸਰਗਰਮੀ ਨਾਲ ਯੋਗਦਾਨ ਪਾ ਰਿਹਾ ਏ। ਇਸ ਸਿਖਰ ਸੰਮੇਲਨ

ਦੌਰਾਨ, ਪ੍ਰਧਾਨ ਮੰਤਰੀ ਮੋਦੀ ਵੱਖ-ਵੱਖ ਆਲਮੀ ਮੁੱਦਿਆਂ 'ਤੇ ਭਾਰਤ ਦੀਆਂ POSITIONS ਨੂੰ ਪੇਸ਼ ਕਰਨਗੇ ਅਤੇ G20 ਦੇ ਨੇਤਾਵਾਂ ਦੇ ਨਵੀਂ ਦਿੱਲੀ ਐਲਾਨਨਾਮੇ ਦੇ ਨਤੀਜਿਆਂ ਦੇ ਨਾਲ-ਨਾਲ, ਹਾਲ ਹੀ ਵਿੱਚ ਭਾਰਤ ਵੱਲੋਂ ਕਰਾਏ ਗਏ ਆਲਮੀ ਦਖਣ ਦੀ ਆਵਾਜ਼ ਸਿਖਰ ਸੰਮੇਲਨ ਤੋਂ ਬਾਅਦ ਦੇ ਕਦਮਾਂ ਬਾਰੇ ਚਰਚਾ ਕਰਨਗੇ।

---

ਨਵੇਂ ਸ਼ੁਰੂ ਕੀਤੇ ਗਏ ਆਯੂਸ਼ਮਾਨ Vay ਵੰਦਨਾ ਕਾਰਡ ਨੇ 70 ਸਾਲ ਅਤੇ ਇਸ ਤੋਂ ਵੱਧ ਉਮਰ ਦੇ 10 ਲੱਖ ਤੋਂ ਵੱਧ ਬਜ਼ੁਰਗ ਨਾਗਰਿਕਾਂ ਨੂੰ ਰਜਿਸਟਰ ਕਰਦਿਆਂ ਇੱਕ ਅਹਿਮ ਮੀਲ ਪੱਥਰ ਹਾਸਲ ਕੀਤਾ ਏ । ਇਸ ਕਾਰਡ ਨਾਲ ਬਜ਼ੁਰਗ ਨਾਗਰਿਕ ਆਯੁਸ਼ਮਾਨ ਭਾਰਤ ਪ੍ਰਧਾਨ ਮੰਤਰੀ ਜਨ ਅਰੋਗਿਆ ਯੋਜਨਾ (AB PM-JAY) ਤਹਿਤ ਮੁਫਤ ਸਿਹਤ ਸੰਭਾਲ ਲਾਭਾਂ ਦੀ ਵਰਤੋਂ ਕਰ ਸਕਦੇ ਨੇ. ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਨੇ ਕਿਹਾ ਏ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ 29 ਅਕਤੂਬਰ ਨੂੰ ਇਸਦੀ ਸ਼ੁਰੂਆਤ ਦੇ ਤਿੰਨ ਹਫ਼ਤਿਆਂ ਦੇ ਅੰਦਰ ਇਹ ਮੀਲ ਪੱਥਰ ਹਾਸਲ ਕੀਤਾ ਗਿਆ ਸੀ । ਆਯੁਸ਼ਮਾਨ ਵੇਅ ਵੰਦਨਾ

ਕਾਰਡ ਤਹਿਤ ਲਗਭਗ 4 ਲੱਖ ਔਰਤਾਂ ਨੇ ਰਜਿਸਟਰ ਕੀਤਾ ਏ । ਲਾਂਚ ਤੋਂ ਲੈ ਕੇ, ਅਧਿਕਾਰਿਕ ਤੌਰ'ਤੇ 9 ਕਰੋੜ ਰੁਪਏ ਤੋਂ ਵੱਧ ਦੇ ਇਲਾਜ ਹੋਏ ਨੇ, ਜਿਸ ਨਾਲ 1 ਹਜ਼ਾਰ 400 ਤੋਂ ਵੱਧ ਔਰਤਾਂ ਸਮੇਤ 70 ਸਾਲ ਅਤੇ ਇਸ ਤੋਂ ਵੱਧ ਉਮਰ ਦੇ 4 ਹਜ਼ਾਰ 800 ਤੋਂ ਵੱਧ ਬਜ਼ੁਰਗਾਂ ਨੂੰ ਲਾਭ ਹੋ ਰਿਹਾ ਏ । ਇਹ ਇਲਾਜ ਕਈ ਤਰ੍ਹਾਂ ਦੀਆਂ ਬੀਮਾਰਿਆਂ ਨੂੰ ਕਵਰ ਕਰਦੇ ਨੇ, ਜਿਸ ਵਿੱਚ ਕੋਰੋਨਰੀ ਐਂਜੀਓਪਲਾਸਟੀ, ਕੁਲ੍ਹੇ ਦਾ ਫ੍ਰੈਕਚਰ ਅਤੇ ਇਸ ਨੂੰ ਬਦਲਣਾ, ਪਿੱਤੇ ਦੀ ਥੈਲੀ ਨੂੰ ਹਟਾਉਣਾ, ਮੋਤੀਆਬਿੰਦ ਦੀ ਸਰਜਰੀ, ਪ੍ਰੋਸਟੇਟ ਰੀਸੈਕਸ਼ਨ, ਅਤੇ ਸਟ੍ਰੋਕ ਸ਼ਾਮਲ ਨੇ ।

---------------------------------------------------------------

ਨੌਜਵਾਨ ਮਾਮਲਿਆਂ ਅਤੇ ਖੇਡਾਂ ਬਾਰੇ ਮੰਤਰਾਲਾ ਤਹਿਤ ਭਾਰਤ ਸਰਕਾਰ ਦੇ ਅਦਾਰੇ, ਨਹਿਰੂ ਯੁਵਾ ਕੇਂਦਰ ਬਰਨਾਲਾ ਵਲੋਂ, ਬਰਨਾਲਾ ਦੇ ਐਸ.ਡੀ. ਕਾਲਜ ਆਫ ਐਜੂਕੇਸ਼ਨ ਦੇ ਐਨ ਐਸ ਐਸ ਵਿਭਾਗ ਦੇ ਸਹਿਯੋਗ ਨਾਲ ਭਾਰਤ ਦੇ ਕਬਾਇਲੀ ਵਿਰਸੇ ਅਤੇ ਉਹਨਾਂ ਦੇ ਮਹੱਤਵਪੂਰਣ ਯੋਗਦਾਨਾਂ 'ਤੇ ਚਾਨਣਾ ਪਾਉਣ ਲਈ "ਜਨਜਾਤੀ ਗੌਰਵ

ਦਿਵਸ" ਮਨਾਇਆ ਗਿਆ। ਇਸ ਪ੍ਰੋਗਰਾਮ ਦੀ ਅਗਵਾਈ ਐਨ ਐਸ ਐਸ ਪ੍ਰੋਗਰਾਮ ਅਧਿਕਾਰੀ ਪ੍ਰੋ. ਬਲਵਿੰਦਰ ਕੁਮਾਰ ਸ਼ਰਮਾ ਨੇ ਕੀਤੀ। ਪ੍ਰੋਗਰਾਮ ਦਾ ਮਕਸਦ ਮਹਾਨ ਆਜ਼ਾਦੀ ਘੁਲਾਟੀਏ ਤੇ ਸਮਾਜ ਸੁਧਾਰਕ ਬਿਰਸਾ ਮੁੰਡਾ ਨੂੰ ਸ਼ਰਧਾਂਜਲੀ ਦੇਣਾ ਅਤੇ ਵਿਦਿਆਰਥੀਆਂ ਨੂੰ ਭਾਰਤ ਦੇ ਕਬਾਇਲੀ ਭਾਈਚਾਰੇ ਦੇ ਇਤਿਹਾਸ, ਸਭਿਆਚਾਰ ਅਤੇ ਯੋਗਦਾਨ ਪ੍ਰਤੀ ਜਾਗਰੂਕ ਕਰਨਾ ਸੀ।

-----------------------------------------------------

ਰੇਲ ਗੱਡੀ ਨੰਬਰ 15532 ਢੰਡਾਰੀ ਕਲਾਂ ਰੇਲਵੇ ਸਟੇਸ਼ਨ ਤੋਂ ਸਹਰਸਾ ਰੇਲਵੇ ਸਟੇਸ਼ਨ ਲਈ ਅੱਜ ਰਾਤ ਨਿਰਧਾਰਤ ਸਮੇਂ ਲਈ ਰਵਾਨਾ ਹੋਵੇਗੀ। ਇਹ ਰੇਲ ਗੱਡੀ ਢੰਡਾਰੀ ਕਲਾਂ ਰੇਲਵੇ ਸਟੇਸ਼ਨ ਤੋਂ ਰਾਤ 20:45 'ਤੇ ਰਵਾਨਾ ਹੋਵੇਗੀ ਅਤੇ ਅੰਬਾਲਾ ਕੈਂਟ, ਸਹਾਰਨਪੁਰ, ਲਕਸਰ, ਮੁਰਾਦਾਬਾਦ, ਬਰੇਲੀ, ਸੀਤਾਪੁਰ, ਗੋਂਡਾ, ਦੇਵਰੀਆ, ਸੀਵਾਨ, ਛਪਰਾ, ਬਸਤੀ, ਗੋਰਖਪੁਰ, ਦੇਵਰੀਆ, ਸੋਨਪੁਰ, ਹਾਜੀਪੁਰ, ਮੁਜ਼ੱਫਰਪੁਰ, ਸਮਸਤੀਪੁਰ, ਖਗੜੀਆ, ਮਾਨਸੀ ਆਦਿ ਰੇਲਵੇ ਸਟੇਸ਼ਨਾਂ ਤੋਂ ਹੁੰਦੇ ਹੋਏ ਸਹਰਸਾ ਪਹੁੰਚੇਗੀ। ਇਸ ਰੇਲ ਗੱਡੀ ਦੇ ਸਾਰੇ ਡੱਬੇ

ਅਨਰਿਜ ਸ੍ਰੇਣੀ ਦੇ ਹਨ। ਜਿਨ੍ਹਾਂ ਰੇਲਵੇ ਯਾਤਰੀਆਂ ਕੋਲ ਦੂਜੀ ਸ੍ਰੇਣੀ ਦੀਆਂ ਟਿਕਟਾਂ ਨੇ, ਉਹ ਇਸ ਰੇਲਗੱਡੀ ਰਾਹੀਂ ਸਫ਼ਰ ਕਰ ਸਕਦੇ ਨੇ।

----------------------------------------------------

ਮੁਹਾਲੀ ਜ਼ਿਲ੍ਹੇ ਦੇ ਨਵੇਂ ਚੁਣੇ ਪੰਚਾਂ ਨੂੰ, ਲੋਕ ਨਿਰਮਾਣ ਤੇ ਬਿਜਲੀ ਮੰਤਰੀ ਹਰਭਜਨ ਸਿੰਘ ਈ ਟੀ ਓ, ਭਲਕੇ 19 ਨਵੰਬਰ ਨੂੰ ਅਹੁਦੇ ਦੀ ਸਹੁੰ ਚੁਕਾਉਣਗੇ, ਜਿਸ ਦੌਰਾਨ ਜ਼ਿਲ੍ਹੇ ਦੇ ਚਾਰ ਬਲਾਕਾਂ ਦੇ ਇਕ ਹਜਾਰ 924 ਪੰਚ, ਮੋਹਾਲੀ ਦੇ ਸੈਕਟਰ 88 ਸਥਿਤ ਸਰਸ ਮੇਲਾ ਗਰਾਊਡ ਵਿਚ ਅਹੁਦੇ ਦਾ ਹਲਫ਼ ਲੈਣਗੇ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਐ ਕਿ ਇਸ ਸਮਾਰੋਹ ਦੌਰਾਨ ਮੰਤਰੀ ਮੋਹਾਲੀ, ਡੇਰਾਬੱਸੀ, ਮਾਜਰੀ ਤੇ ਖਰੜ ਦੇ 1924 ਪੰਚਾਂ ਨੂੰ ਮੰਤਰੀ ਵਲੋਂ ਅਹੁਦੇ ਦਾ ਹਲਫ਼ ਦਿਵਾਇਆ ਜਾਣਾ ਹੈ।

----------------------------------------------------

ਪੰਜਾਬ ਚ ਡੇਅਰੀ ਫਾਰਮਿੰਗ ਸੈਕਟਰ ਨੂੰ ਹੋਰ ਪ੍ਰਫੁੱਲਤ ਕਰਨ ਲਈ, ਸੂਬਾ ਸਰਕਾਰ HF ਨਸਲ ਦੀਆਂ ਉੱਚਤਮ ਗਊਆਂ ਦੀ ਪਛਾਣ ਕਰਨ ਤੇ ਇਨ੍ਹਾਂ ਦੀ ਦੁੱਧ ਉਤਪਾਦਨ ਸਮਰੱਥਾ ਬਾਰੇ ਜਾਣਨ ਲਈ ਜਲਦ ਇਕ

ਪ੍ਰੋਜੈਕਟ ਸ਼ੁਰੂ ਕਰਨ ਜਾ ਰਹੀ ਏ । 5 ਕਰੋੜ 31 ਲਖ  ਰੁਪਏ ਦੀ ਲਾਗਤ ਵਾਲੇ ਇਸ ਪ੍ਰੋਜੈਕਟ ਬਾਰੇ ਪੰਜਾਬ ਦੇ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਏ ਕਿ ਇਹ ਪ੍ਰੋਜੈਕਟ ਦਸੰਬਰ 20 ਸੌ 24 ਦੇ ਪਹਿਲੇ ਹਫ਼ਤੇ ਸ਼ੁਰੂ ਕੀਤਾ ਜਾਵੇਗਾ ।